ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100

ਮਿਤੀ 28 ਜਨਵਰੀ ਮੰਗਲਵਾਰ 2025

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਂਟਾਰੀਓ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦਾ ਸਵਾਗਤ



ਨਵੀਂ ਦਿੱਲੀ 28 ਜਨਵਰੀ (ਜਸਵਿੰਦਰ ਸਿੰਘ ਬਿੱਟਾ) - ਦੇਸ਼ ਵਿਦੇਸ਼ ਵਿੱਚ ਪੰਜਾਬੀ ਭਾਸ਼ਾ ਦੇ ਪਾਸਾਰ ਤੇ ਪ੍ਰਚਾਰ ਲਈ ਯਤਨਸ਼ੀਲ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਅੱਜ ਦਿੱਲੀ ਪਹੁੰਚੇ। ਇੱਥੇ ਪਹੁੰਚਣ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਜਤਿੰਦਰ ਸਿੰਘ ਸ਼ੰਟੀ, ਸਰਦਾਰ ਪਰਮਜੀਤ ਸਿੰਘ ਖੁਰਾਣਾ, ਦਲਜੀਤ ਸਿੰਘ ਸਰਨਾ ਤੇ ਜਤਿੰਦਰ ਸਿੰਘ ਸ਼ੰਟੀ ਸਾਬਕਾ ਜਰਨਲ ਸਕੱਤਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਸ ਮੁਲਾਕਾਤ ਦੌਰਾਨ ਜਿੱਥੇ ਵੱਖ ਵੱਖ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ, ਉਥੇ ਹੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰਾਂ ਨੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਉਣ ਅਤੇ ਪੰਜਾਬੀ ਮਾਂ ਬੋਲੀ ਪ੍ਰਤੀ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ, ਨਾਲ ਹੀ ਭਵਿੱਖ ਵਿੱਚ ਉਹਨਾਂ ਨੂੰ ਇਸ ਮਹਾਨ ਕਾਰਜ਼ ਲਈ ਪੂਰਨ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਜਦਕਿ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਜੂਨ ਮਹੀਨੇ ਵਿੱਚ ਕੈਨੇਡਾ ਵਿਖੇ ਹੋ ਰਹੀ ਅੰਤਰਰਾਸ਼ਟਰੀ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਹਿੱਸਾ ਲੈਣ ਦਾ ਸੱਦਾ ਪੱਤਰ ਵੀ ਦਿੱਤਾ। ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੀ ਅੱਜ ਦੀ ਇਹ ਅਚਨਚੇਤ ਫੇਰੀ ਦਿੱਲੀ ਦੇ ਵਿੱਚ ਪੰਜਾਬੀ ਮਾਂ ਬੋਲੀ ਪ੍ਰਤੀ ਸਮਰਪਿਤ ਸ਼ਖਸੀਅਤਾਂ ਲਈ ਲਾਹੇਵੰਦ ਹੋ ਨਿਬੜੀ।

*ਜ਼ਿਕਰਯੋਗ ਹੈ ਕਿ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਹਾਲ ਹੀ ਵਿੱਚ ਪਾਕਿਸਤਾਨ ਦੇ ਰਹੀਮ ਯਾਰ ਖਾਂ ਵਿਖੇ ਰੂਹੀ ਵਿਸ਼ਵ ਪੰਜਾਬੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ ਸੀ ਜੋ ਕਿ ਇੱਕ ਯਾਦਗਾਰੀ ਕਾਨਫਰੰਸ ਹੋ ਨਿਬੜੀ। ਵਿਸ਼ਵ ਪੰਜਾਬੀ ਸਭਾ ਵੱਲੋਂ ਆਗਾਮੀ ਸਮੇਂ ਦੌਰਾਨ ਜੂਨ ਮਹੀਨੇ ਵਿੱਚ ਕੈਨੇਡਾ ਜਦਕਿ ਸਤੰਬਰ ਮਹੀਨੇ ਵਿੱਚ ਦੁਬਈ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ ਦਾ ਆਯੋਜਨ ਕੀਤਾ ਜਾ ਰਿਹਾ।*










# ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਮੋਗਾ ਦੇ ਪਿੰਡ ਲਲਿਆਂਦੀ ਵਿਖੇ ਲਗਾਇਆ ਗਿਆ ਅੱਖਾਂ ਦਾ ਮੁਫਤ ਚੈੱਕਅਪ ਤੇ ਆਪਰੇਸ਼ਨ ਕੈਂਪ









ਮੋਗਾ 28 ਜਨਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਪੰਜਾਬੀ ਭਾਸ਼ਾ ਦੇ ਪਾਸਾਰ ਤੇ ਪ੍ਰਚਾਰ ਲਈ ਯਤਨਸ਼ੀਲ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਸ਼ਮਾਜ ਸੇਵੀ ਕੰਮਾਂ ਦੇ ਵਿੱਚ ਵੀ ਨਿਰੰਤਰ ਸੇਵਾ ਕੀਤੀ ਜਾ ਰਹੀ ਹੈ। ਇਸੇ ਅਧੀਨ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਚੇਅਰਮੈਨ ਡਾ.ਦਲਬੀਰ ਸਿੰਘ ਕਥੂਰੀਆ ਦੇ ਦਿਸ਼ਾ ਨਿਰਦੇਸ਼ਾਂ ਹੇਠ ਜਿਲਾ ਮੋਗਾ ਦੇ ਪਿੰਡ ਲਲਿਆਂਦੀ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਤੇ ਆਪਰੇਸ਼ਨ ਕੈਂਪ ਲਗਾਇਆ ਗਿਆ।

ਲੁਧਿਆਣਾ ਦੇ ਸ਼ੰਕਰਾ ਆਈ ਕੇਅਰ ਹਸਪਤਾਲ ਦੀ ਮਾਹਿਰ ਟੀਮ ਵੱਲੋਂ 400 ਦੇ ਕਰੀਬ ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ ਗਈ। ਜਿਨਾਂ ਵਿੱਚੋਂ 57 ਮਰੀਜ਼ਾਂ ਨੂੰ ਚਿੱਟੇ ਮੋਤੀਆਂ ਦੇ ਆਪਰੇਸ਼ਨ ਲਈ ਚੁਣਿਆ ਗਿਆ। ਕੈਂਪ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਅੱਖਾਂ ਦੀ ਦਵਾਈ ਅਤੇ ਐਨਕਾਂ ਦਿੱਤੀਆਂ ਗਈਆਂ। ਇਸ ਕੈਂਪ ਦੌਰਾਨ ਮਰੀਜ਼ਾਂ ਦੀ ਸਹੂਲਤ ਲਈ ਲੰਗਰ ਵੀ ਲਗਾਇਆ ਗਿਆ।

ਇਸ ਕੈਂਪ ਲਈ ਵਿਸ਼ੇਸ਼ ਸਹਿਯੋਗ ਦਸਮੇਸ਼ ਗੁਰਮਤਿ ਪ੍ਰਚਾਰ ਲਹਿਰ ਅਤੇ ਸ.ਨਿਰਵੈਰ ਸਿੰਘ ਖਾਲਸਾ ਹਲਕਾ ਇੰਚਾਰਜ ਧਰਮਕੋਟ, ਸ.ਜਸਪਾਲ ਸਿੰਘ, ਆਜ਼ਾਦਬੀਰ ਸਿੰਘ, ਸ. ਦਰਸ਼ਨ ਸਿੰਘ ਗਿੱਲ,ਸ. ਸੁਖਵੰਤ ਸਿੰਘ, ਸ .ਜੋਗਿੰਦਰ ਸਿੰਘ, ਸ.ਸਵਰਨ ਸਿੰਘ, ਸ.ਦਿਲਰਾਜ ਸਿੰਘ, ਸ.ਰਾਜਵਿੰਦਰ ਸਿੰਘ ਆਦਿ ਸ਼ਖ਼ਸੀਅਤਾਂ ਵੱਲੋਂ ਆਪਣਾ ਯੋਗਦਾਨ ਦਿੱਤਾ ਗਿਆ।

# ਕੌਣ ਹੈ ਰੂਬੀ ਢੱਲਾ, ਜੋ ਬਣ ਸਕਦੀ ਐ ਕੈਨੇਡਾ ਦੀ PM; ਭਾਰਤ ਬਾਰੇ ਕੀ ਹੈ ਨਜ਼ਰੀਆ ?

ਨਵੀਂ ਦਿੱਲੀ, 28 ਜਨਵਰੀ (ਜਸਵਿੰਦਰ ਸਿੰਘ ਬਿੱਟਾ)- ਭਾਰਤੀ ਮੂਲ ਦੀ ਲਿਬਰਲ ਪਾਰਟੀ ਦੀ ਆਗੂ ਰੂਬੀ ਢੱਲਾ ਕੈਨੇਡਾ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਸਕਦੀ ਹੈ। ਰੂਬੀ ਢੱਲਾ ਇੱਕ ਸਵੈ-ਨਿਰਮਿਤ ਕਾਰੋਬਾਰੀ, ਡਾਕਟਰ ਅਤੇ ਤਿੰਨ ਵਾਰ ਸੰਸਦ ਮੈਂਬਰ ਹੈ।


ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਅਗਵਾਈ 'ਚ ਕੈਨੇਡਾ ਚੁਣੌਤੀਆਂ ਨਾਲ ਬਿਹਤਰ ਢੰਗ ਨਾਲ ਨਜਿੱਠ ਸਕਦਾ ਹੈ। ਉਨ੍ਹਾਂ ਨੇ ਦੇਸ਼ ਵਿਚ ਲਗਾਤਾਰ ਵਧ ਰਹੀ ਰਿਹਾਇਸ਼ੀ ਲਾਗਤ, ਅਪਰਾਧ ਦਰ, ਖਾਣ-ਪੀਣ ਦੀਆਂ ਕੀਮਤਾਂ ਅਤੇ ਅਮਰੀਕਾ ਤੋਂ ਟੈਰਿਫ ਦੀਆਂ ਧਮਕੀਆਂ ਦਾ ਮੁੱਦਾ ਉਠਾਇਆ ਹੈ।

## ਰੂਬੀ ਦਾ ਜਨਮ ਇੱਕ ਪ੍ਰਵਾਸੀ ਪਰਿਵਾਰ ਵਿੱਚ ਹੋਇਆ

ਰੂਬੀ ਦਾ ਜਨਮ ਕੈਨੇਡਾ ਦੀ ਰਾਜਧਾਨੀ ਓਟਾਵਾ ਤੋਂ ਲਗਪਗ 2000 ਕਿਲੋਮੀਟਰ ਦੂਰ ਵਿਨੀਪੈਗ ਸ਼ਹਿਰ ਵਿੱਚ ਪਰਵਾਸੀ ਮਾਪਿਆਂ ਦੇ ਘਰ ਹੋਇਆ ਸੀ। ਆਪਣੀ ਮਿਹਨਤ ਦੇ ਬਲਬੂਤੇ ਉਸ ਨੇ ਕਈ ਉਪਲਬਧੀਆਂ ਹਾਸਲ ਕੀਤੀਆਂ।

ਉਸਨੇ ਕਿਹਾ ਕਿ ਉਸਦੀ ਜ਼ਿੰਦਗੀ ਕੈਨੇਡਾ ਵਿੱਚ ਮੌਜੂਦ ਮੌਕਿਆਂ ਬਾਰੇ ਬਹੁਤ ਕੁਝ ਦੱਸਦੀ ਹੈ। ਉਸਨੇ 1970 ਦੇ ਦਹਾਕੇ ਵਿੱਚ ਪ੍ਰਵਾਸੀਆਂ ਲਈ ਕੈਨੇਡਾ ਦੇ ਦਰਵਾਜ਼ੇ ਖੋਲ੍ਹਣ ਦਾ ਸਿਹਰਾ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਪਿਤਾ ਪੀਅਰੇ ਟਰੂਡੋ ਨੂੰ ਵੀ ਦਿੱਤਾ।

"ਕੈਨੇਡਾ ਨੂੰ ਦਰਪੇਸ਼ ਟੈਰਿਫ ਖਤਰਿਆਂ ਦਾ ਕੈਨੇਡੀਅਨ ਕਾਮਿਆਂ ਅਤੇ ਕੈਨੇਡੀਅਨ ਆਰਥਿਕਤਾ 'ਤੇ ਵੱਡਾ ਪ੍ਰਭਾਵ ਪਵੇਗਾ।"
-ਰੂਬੀ ਢੱਲਾ



## ਕੈਨੇਡਾ ਨੂੰ ਮਹਾਨ ਦੇਸ਼ ਕਿਹਾ

ਉਨ੍ਹਾਂ ਕਿਹਾ, 'ਮੇਰੀ ਮਾਂ 1972 ਵਿਚ ਕੈਨੇਡਾ ਆਈ ਸੀ। ਮੈਂ ਇੱਥੇ ਜੋ ਕੁਝ ਵੀ ਹਾਸਲ ਕੀਤਾ ਹੈ, ਉਹ ਸਖ਼ਤ ਮਿਹਨਤ ਅਤੇ ਇੱਛਾ ਕਾਰਨ ਹੈ ਅਤੇ ਨਾਲ ਹੀ ਕੈਨੇਡਾ ਇੱਕ ਮਹਾਨ ਦੇਸ਼ ਹੈ।
ਉਨ੍ਹਾਂ ਨੇ ਕੈਨੇਡਾ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਪਰਵਾਸੀਆਂ ਦੇ ਮੱਦੇਨਜ਼ਰ ਭਾਰਤ ਅਤੇ ਕੈਨੇਡਾ ਦਰਮਿਆਨ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

## *14 ਸਾਲ ਦੀ ਉਮਰ ਵਿੱਚ ਸ਼ਾਮਲ ਹੋਏ*

*ਰੂਬੀ 14 ਸਾਲ ਦੀ ਉਮਰ ਤੋਂ ਹੀ ਲਿਬਰਲ ਪਾਰਟੀ ਨਾਲ ਕੰਮ ਕਰ ਰਹੀ ਹੈ। ਉਸਦੀ ਲੀਡਰਸ਼ਿਪ ਮੁਹਿੰਮ ਲਿਬਰਲ ਪਾਰਟੀ ਅਤੇ ਕੈਨੇਡਾ ਦੇ ਪੁਨਰ ਨਿਰਮਾਣ 'ਤੇ ਕੇਂਦਰਿਤ ਹੈ। ਉਨ੍ਹਾਂ ਦਾ ਨਾਅਰਾ ਹੈ- 'ਕੈਨੇਡਾ ਦੀ ਵਾਪਸੀ ਹੁਣ ਸ਼ੁਰੂ ਹੋਵੇਗੀ। ਰੂਬੀ ਨੇ ਕਿਹਾ ਕਿ ਉਹ ਇੱਕ ਪ੍ਰਤੀਯੋਗੀ ਅਰਥਵਿਵਸਥਾ ਬਣਾਉਣਾ ਚਾਹੁੰਦੀ ਹੈ ਜੋ ਕਾਰੋਬਾਰ, ਉੱਦਮੀਆਂ ਅਤੇ ਨੌਜਵਾਨਾਂ ਦਾ ਸਮਰਥਨ ਕਰਦੀ ਹੈ।*




NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING TROLLEYS
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
FESTIVITY AND OCCASION
PUNJABI VIRSA DECOR
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
THANK YOU FOR SHOPPING
SHOPPING BASKETS
100 Kennedy Rd S,
Brampton, ON L6W 3E7, Canada
905-230-4800


JD WEB SERUICES
OUR SERVICES
GRAPHIC DESIGN
UI/UX DESIGN
WEB DESIGN
ANDROID APPS
WEB DEVELOPMENT
SOCIAL MEDIA PROMOTION
JASWINDER SINGH BITTA
+1 (647) 967-6630
JASHANDEEP SINGH
90416-19321
www.jdwebservices.com
OUR PRODUCTS
INVOICE
INVOICE MANAGEMENT SOFTWARE
VIEW DEMO
ADVOC8
ADVOCATE'S DAILY DIARY
MANAGEMENT SOFTWARE
VIEW DEMO
CAREER ENGINE
OUR COURSES
GRAPHIC & MOTION DESIGN
FULL STACK DEVELOPMENT
FLUTTER APP DEVELOPMENT
7 MONTHS
COURSE DURATION
$100/- USD
FEE PER MONTH
www.careerengine.in


Weight
10 Pond
Price
$5.99
BRAMPTON CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800

# ਚੋਣ ਕਮਿਸ਼ਨ ਨੇ ਕੇਜਰੀਵਾਲ ਨੂੰ ਯਮੁਨਾ ਦੇ ਪਾਣੀ ਵਿੱਚ ਜ਼ਹਿਰ ਘੋਲਣ ਦੇ ਦਾਅਵਿਆਂ ਸਬੰਧੀ ਸਬੂਤ ਦੇਣ ਨੂੰ ਕਿਹਾ

ਨਵੀਂ ਦਿੱਲੀ, 28 ਜਨਵਰੀ (ਜਸਵਿੰਦਰ ਸਿੰਘ ਬਿੱਟਾ)-ਚੋਣ ਕਮਿਸ਼ਨ ਨੇ ਅੱਜ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਕਿਹਾ ਕਿ ਉਹ ਗੁਆਂਢੀ ਸੂਬੇ ਹਰਿਆਣਾ ਵੱਲੋਂ ਯਮੁਨਾ ਨਦੀ ਦੇ ਪਾਣੀ ਵਿੱਚ ਜ਼ਹਿਰ ਘੋਲਣ ਦੇ ਆਪਣੇ ਦਾਅਵਿਆਂ ਸਬੰਧੀ ਬੁੱਧਵਾਰ ਰਾਤ 8 ਵਜੇ ਤੱਕ ਸਬੂਤ ਪੇਸ਼ ਕਰਨ। ਇਸ ਨੇ ਉਨ੍ਹਾਂ ਨੂੰ ਕਾਨੂੰਨ ਪ੍ਰਬੰਧਾਂ ਦੀ ਯਾਦ ਦਿਵਾਈ, ਜਿਸ ਤਹਿਤ ਕੌਮੀ ਏਕਤਾ ਅਤੇ ਜਨਤਕ ਸਦਭਾਵਨਾ ਖਿਲਾਫ 'ਸ਼ਰਾਰਤੀ' ਬਿਆਨਾਂ ਲਈ ਤਿੰਨ ਸਾਲ ਤੱਕ ਦੀ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ।

ਚੋਣ ਕਮਿਸ਼ਨ ਨੇ ਕੇਜਰੀਵਾਲ ਨੂੰ ਉਨ੍ਹਾਂ ਦੇ ਦਾਅਵੇ ਦਾ ਵੇਰਵਾ ਸਾਂਝਾ ਕਰਨ ਲਈ ਵੀ ਕਿਹਾ ਕਿ ਦਿੱਲੀ ਜਲ ਬੋਰਡ ਦੇ ਇੰਜਨੀਅਰਾਂ ਨੇ ਅਸਲ ਵਿੱਚ ਇਸ ਦਾ ਪਤਾ ਲਗਾਇਆ ਅਤੇ ਸਮੇਂ 'ਤੇ ਇਸ ਨੂੰ ਰੋਕ ਦਿੱਤਾ।

ਭਾਜਪਾ ਅਤੇ ਕਾਂਗਰਸ ਦੋਹਾਂ ਨੇ ਯਮੁਨਾ ਨਦੀ ਵਿੱਚ ਜ਼ਹਿਰ ਮਿਲਾਉਣ ਦਾ ਦੋਸ਼ ਲਗਾਉਣ 'ਤੇ ਕੇਜਰੀਵਾਲ ਖਿਲਾਫ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ। ਦਿੱਲੀ ਦੀ ਮੁੱਖ ਮੰਤਰੀ



ਆਤਿਸ਼ੀ ਨੇ ਵੀ ਦੋਸ਼ ਲਗਾਇਆ ਸੀ ਕਿ ਹਰਿਆਣਾ ਵੱਲੋਂ ਦਿੱਲੀ ਨੂੰ ਸਪਲਾਈ ਕੀਤੇ ਜਾ ਰਹੇ ਪਾਣੀ ਵਿੱਚ ਅਮੋਨੀਆ ਦਾ ਪੱਧਰ ਵਧਣ ਨਾਲ ਕੌਮੀ ਰਾਜਧਾਨੀ ਵਿੱਚ ਜਲ ਸਪਲਾਈ ਗੰਭੀਰ ਤੌਰ 'ਤੇ ਪ੍ਰਭਾਵਿਤ ਹੋ ਸਕਦੀ ਹੈ। ਚੋਣ ਕਮਿਸ਼ਨ ਇਸ ਮੁੱਦੇ 'ਤੇ ਹਰਿਆਣਾ ਸਕਰਾਰ ਤੋਂ ਤੱਥਾਂ 'ਤੇ ਆਧਾਰਿਤ ਰਿਪੋਰਟ ਆਉਣ ਦਾ ਇੰਤਜ਼ਾਰ ਵੀ ਕਰ ਰਿਹਾ ਹੈ।





# ਗੈਰ-ਕਾਨੂੰਨੀ ਪ੍ਰਵਾਸੀਆਂ ਬਾਰੇ ਜੋ ਸਹੀ ਹੈ ਉਹੀ ਕਰਨਗੇ ਪ੍ਰਧਾਨ ਮੰਤਰੀ ਮੋਦੀ: ਟਰੰਪ

ਵਾਸ਼ਿੰਗਟਨ, 28 ਜਨਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੈਰ-ਕਾਨੂੰਨੀਪ੍ਰਵਾਸੀਆਂ ਬਾਰੇ 'ਜੋ ਸਹੀ ਹੈ' ਉਹ ਕਰਨਗੇ ਅਤੇ ਇਸ ਗੱਲ ਨੂੰ ਮੁੱਖ ਰੱਖਦਿਆਂ ਭਾਰਤ ਨਾਲ ਗੱਲਬਾਤ ਚੱਲ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਦੇ ਫਰਵਰੀ ਵਿੱਚ ਵਹਾਈਟ ਹਾਊਸ ਆਉਣ ਦੀ ਸੰਭਾਵਨਾ ਹੈ।

ਵੱਖਰੇ ਤੌਰ 'ਤੇ ਦੋਵਾਂ ਨੇਤਾਵਾਂ ਵਿਚਕਾਰ ਇੱਕ ਫੋਨ ਕਾਲ ਦੇ ਰੀਡਆਊਟ ਵਿੱਚ ਵਹਾਈਟ ਹਾਊਸ ਨੇ ਕਿਹਾ ਕਿ ਡੋਨਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕੀਤੀ ਅਤੇ ਨਿਰਪੱਖ ਦੁਵੱਲੇ ਵਪਾਰਕ ਸਬੰਧਾਂ, ਡੂੰਘੇ ਭਾਰਤ-ਅਮਰੀਕਾ ਸਹਿਯੋਗ ਵੱਲ ਕਦਮ ਵਧਾਉਣ ਦੀ ਮੰਗ ਕੀਤੀ। ਸੋਮਵਾਰ ਨੂੰ ਫਲੋਰੀਡਾ ਦੇ ਰਿਟਰੀਟ 'ਤੇ ਹਾਊਸ ਰਿਪਬਲਿਕਨਾਂ ਨਾਲ ਗੱਲਬਾਤ ਕਰਦੇ ਹੋਏ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅਮਰੀਕਾ ਉਨ੍ਹਾਂ ਦੇਸ਼ਾਂ 'ਤੇ ਟੈਕਸ ਲਗਾਏਗਾ ਜੋ ਅਮਰੀਕਾ ਨੂੰ "ਨੁਕਸਾਨ "ਪਹੁੰਚਾਉਂਦੇ ਹਨ ਕਿਉਂਕਿ ਉਨ੍ਹਾਂ ਨੇ ਚੀਨ,



ਭਾਰਤ ਅਤੇ ਬ੍ਰਾਜ਼ੀਲ ਨੂੰ ਉੱਚ ਟੈਕਸ ਵਾਲੇ ਦੇਸ਼ ਕਿਹਾ ਸੀ। ਵਹਾਈਟ ਹਾਊਸ ਨੇ ਕਿਹਾ ਕਿ ਆਪਣੀ ਫੋਨ ਕਾਲ ਦੌਰਾਨ ਦੋਵਾਂ ਨੇਤਾਵਾਂ ਨੇ ਮੋਦੀ ਦੇ ਅਮਰੀਕਾ ਦੌਰੇ ਦੀ ਯੋਜਨਾ 'ਤੇ ਵੀ ਚਰਚਾ ਕੀਤੀ। ਗੱਲਬਾਤ ਦੌਰਾਨ ਟਰੰਪ ਨੂੰ ਪੁੱਛਿਆ ਗਿਆ ਕਿ ਕੀ ਉਹ (ਮੋਦੀ) ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੈਣ ਲਈ ਸਹਿਮਤ ਹੋਏ ਸਨ। ਟਰੰਪ ਨੇ ਕਿਹਾ (ਮੋਦੀ) ਉਹੀ ਕਰਨਗੇ ਜੋ ਸਹੀ ਹੈ।




## ਨਹੀਂ ਰਹੇ ਗੁਰਮਤਿ, ਸੂਫ਼ੀ ਸਾਹਿਤ ਨਾਲ ਸਬੰਧਿਤ ਦਰਜਨਾਂ ਪੁਸਤਕਾਂ ਦੇ ਲੇਖਕ ਡਾ. ਟੀ ਆਰ ਸ਼ੰਗਾਰੀ



ਅੰਮ੍ਰਿਤਸਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਡੀ.ਏ.ਵੀ ਕਾਲਜ ਜਲੰਧਰ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਤੇ ਗੁਰਮਤਿ, ਸੂਫੀ ਸਾਹਿਤ ਨਾਲ ਸਬੰਧਿਤ ਦਰਜਨਾਂ ਪੁਸਤਕਾਂ ਦੇ ਲੇਖਕ ਡਾ. ਟੀ ਆਰ ਸ਼ੰਗਾਰੀ ਨਹੀਂ ਰਹੇ।
ਕਰੀਬ 90 ਸਾਲ ਦੀ ਉਮਰ ਦੇ ਡਾ. ਸ਼ੰਗਾਰੀ ਉਮਰ ਸੰਬੰਧੀ ਸ਼ਰੀਰਕ ਦਿੱਕਤਾਂ ਦਾ ਸਾਹਮਣਾ ਕਰ ਰਹੇ ਸਨ । ਡਾ. ਸ਼ੰਗਾਰੀ ਲੰਬੇ ਸਮੇਂ ਤੋਂ ਡੇਰਾ ਬਿਆਸ ਦੇ ਪ੍ਰਕਾਸ਼ਨ ਵਿਭਾਗ ਨੂੰ ਸੇਵਾਵਾਂ ਦੇ ਰਹੇ ਸਨ। ਡੇਰਾ ਬਿਆਸ ਹਸਪਤਾਲ ਵਿਖੇ ਉਨ੍ਹਾਂ ਆਖ਼ਰੀ ਸਾਹ ਲਿਆ। ਉਹ ਸਬਰ ਤੇ ਸੰਤੋਖ ਦੀ ਮਿਸਾਲ ਸਨ।









# ਸਾਹਿਤਕ ਸਰਗਰਮੀਆਂ

## ਪੰਜਾਬੀ ਕਹਾਣੀ
## ਵਿੱਦਿਆ ਦਾ ਮੰਦਰ



ਰਾਣੋ ਦਾ ਬਾਪੂ ਜਨਕਾ ਪਿੰਡ ਵਿੱਚ ਲੰਬੜਦਾਰਾਂ ਦਾ ਸੀਰੀ ਲੱਗਿਆ ਹੋਇਆ ਸੀ ਤੇ ਮਾਂ ਵਿੱਦਿਆ ਦੇਵੀ ਉਨ੍ਹਾਂ ਹੀ ਲੰਬੜਦਾਰਾਂ ਦੇ ਘਰ ਗੋਹਾ-ਕੂੜਾ ਕਰਿਆ ਕਰਦੀ ਸੀ। ਰੱਬ ਵੱਲੋਂ ਵਿੱਦਿਆ ਦੇਵੀ ਦੇ ਘਰ ਕੋਈ ਹੋਰ ਸੰਤਾਨ ਨਹੀਂ ਹੋਈ, ਬਸ ਰਾਣੋ ਹੀ ਉਨ੍ਹਾਂ ਦੇ ਘਰ ਦੀ ਰੌਣਕ ਸੀ। ਰਾਣੋ ਆਪਣੀ ਮਾਂ ਦੇ ਨਾਲ-ਨਾਲ ਹੀ ਰਹਿੰਦੀ ਚਾਹੇ ਉਸ ਦੀ ਮਾਂ ਗੋਹਾ-ਕੂੜ ਕਿਉਂ ਨਾ ਕਰਦੀ ਹੋਵੇ। ਵਿੱਦਿਆ ਦੇਵੀ ਨੂੰ ਵੀ ਰਾਣੋ ਦਾ ਇੰਝ ਨਾਲ-ਨਾਲ ਹੀ ਰਹਿਣਾ ਚੰਗਾ ਲੱਗਦਾ। ਰਾਣੋ ਲੰਬੜਦਾਰਾਂ ਦੇ ਬੱਚਿਆਂ ਨੂੰ ਸਕੂਲ ਜਾਂਦੇ ਵੇਖ ਕੇ ਪੜ੍ਹਨ ਦੀ ਇੱਛਾ ਜ਼ਾਹਰ ਕਰਦੀ ਤਾਂ ਮਾਂ ਕਹਿੰਦੀ, "ਧੀਏ, ਅਸੀਂ ਗ਼ਰੀਬ ਲੋਕ ਹਾਂ। ਪੜ੍ਹਨਾ ਸਾਡੇ ਹਿੱਸੇ ਨਹੀਂ ਆਇਆ। ਇਹ ਵੱਡੇ ਲੋਕ ਹੁੰਦੇ ਨੇ ਜਿਹੜੇ ਸਕੂਲ ਵਿੱਚ ਪੜ੍ਹਨ ਜਾਂਦੇ ਨੇ।" ਇਹ ਕਹਿ ਕੇ ਉਸ ਨੂੰ ਚੁੱਪ ਕਰਵਾ ਦਿੰਦੀ। ਰਾਣੋ ਦੀ ਮਾਂ ਦਾ ਨਾਂ ਬੇਸ਼ੱਕ ਵਿੱਦਿਆ ਦੇਵੀ ਸੀ, ਪਰ ਵਿੱਦਿਆ ਦੇ ਅਰਥ ਅਤੇ ਅਹਿਮੀਅਤ ਦਾ ਉਸ ਨੂੰ ਕੋਈ ਪਤਾ ਨਹੀਂ ਸੀ ਰਾਣੋ ਪੜ੍ਹਨਾ ਚਾਹੁੰਦੀ ਸੀ, ਪਰ ਉਸ ਦੀ ਆਸ ਉਸ ਨੂੰ ਆਪਣੀ ਮਾਂ ਵਿਦਿਆ ਦੇਵੀ ਤੋਂ ਬਿਲਕੁਲ ਵੀ ਨਹੀਂ ਸੀ ਜਾਪਦੀ।

ਲੰਬੜਦਾਰਾਂ ਦਾ ਵੱਡਾ ਮੁੰਡਾ ਹੁਸ਼ਿਆਰ ਸਿੰਘ ਸ਼ਹਿਰ ਰਹਿੰਦਾ ਸੀ। ਸਬੱਬੀਂ ਉਹ ਘਰ ਆਇਆ ਹੋਇਆ ਸੀ। ਉਸ ਨੂੰ ਰਾਣੋ ਦੀ ਪੜ੍ਹਨ ਦੀ ਖ਼ਾਹਿਸ਼ ਦਾ ਪਤਾ ਲੱਗਿਆ ਤਾਂ ਉਸ ਨੇ ਘਰ ਕੰਮ ਕਰਨ ਆਈ ਵਿੱਦਿਆ ਦੇਵੀ ਨੂੰ ਕਿਹਾ ਕਿ ਉਹ ਰਾਣੋ ਨੂੰ ਪੜ੍ਹਨ ਲਈ ਸਕੂਲ ਭੇਜਿਆ ਕਰੇ। ਉਹ ਰਾਣੋ ਦੇ ਲੀੜੇ-ਕੱਪੜੇ, ਕਿਤਾਬਾਂ, ਫੀਸ ਅਤੇ ਹੋਰ ਖਰਚਾ ਸਮੇਂ-ਸਮੇਂ 'ਤੇ ਦੇ ਦਿਆ ਕਰੇਗਾ। ਹੁਸ਼ਿਆਰ ਸਿੰਘ ਨੇ ਕੀਤੇ ਵਾਅਦੇ ਨੂੰ ਅਖੀਰ ਤੱਕ ਨਿਭਾਇਆ ਰਾਣੋ ਪੜ੍ਹਦੀ-ਪੜ੍ਹਦੀ ਪੰਜਵੀਂ, ਦਸਵੀਂ ਅਤੇ ਫਿਰ ਚੰਗੇ ਨੰਬਰਾਂ ਵਿੱਚ ਬੀ.ਏ. ਕਰ ਗਈ। ਇਸ ਸਮੇਂ ਦੌਰਾਨ ਉਸ ਕੋਲੋਂ ਉਸ ਦੇ ਮਾਂ-ਬਾਪਦੋਵੇਂ ਹੀ ਵਾਰੋ-ਵਾਰੀ ਖੁੱਸ ਗਏ ਭਾਵ ਰੱਬ ਨੂੰ ਪਿਆਰੇ ਹੋ ਗਏ। ਇਸ ਕਾਰਨ ਉਹ ਇੱਕ ਵਾਰ ਤਾਂ ਧੁਰ ਅੰਦਰ ਤੱਕ ਟੁੱਟ ਗਈ, ਪਰ ਟੀਚੇ ਮਿੱਥ ਲੈਣ ਵਾਲਿਆਂ ਦੇ ਰਾਹ ਕੋਈ ਔਕੜ-ਮੁਸ਼ਕਿਲ ਕਦੇ ਵੀ ਨਹੀਂ ਰੋਕ ਸਕਦੀ। ਰਾਣੋ ਨੇ ਹੁਸ਼ਿਆਰ ਸਿੰਘ ਦੀ ਪ੍ਰੇਰਨਾ ਅਤੇ ਸਹਿਯੋਗ ਨਾਲ ਬੀ.ਐੱਡ. ਤੇ ਇਸ ਤੋਂ ਬਾਅਦ ਐੱਮ.ਏ. ਪੰਜਾਬੀ ਕਰ ਲਈ। ਹੁਣ ਉਹ ਸਰਕਾਰੀ ਨੌਕਰੀ ਦੀ ਭਾਲ ਵਿੱਚ ਸੀ। ਜਦ ਤੱਕ ਸਰਕਾਰੀ ਨੌਕਰੀ ਨਾ ਮਿਲੀ, ਉਸ ਨੇ ਪ੍ਰਾਈਵੇਟ ਕਾਲਜ ਵਿੱਚ ਮਿਲੀ ਬਤੌਰ ਪੰਜਾਬੀ ਲੈਕਚਰਾਰ ਨੌਕਰੀ ਸਵੀਕਾਰ ਕਰ ਲਈ। ਬੇਸ਼ੱਕ ਉਸ ਨੂੰ ਪਿੰਡ ਤੋਂ ਨੌਕਰੀ ਲਈ ਸ਼ਹਿਰ ਜਾਣ 'ਚ ਮੁਸ਼ਕਿਲ ਆ ਰਹੀ ਸੀ, ਪਰ ਉਹ ਮੁਸ਼ਕਿਲਾਂ ਨਾਲ ਟਕਰਾਉਣ ਦਾ ਵੱਲ ਬਾਖ਼ੂਬੀ ਜਾਣਦੀ ਸੀ। ਵਕਤ ਆਪਣੀ ਚਾਲ ਚੱਲਦਾ ਗਿਆ। ਭਾਵੇਂ ਰਾਣੋ ਨੂੰ ਸਰਕਾਰੀ ਨੌਕਰੀ ਨਹੀਂ ਮਿਲੀ ਸੀ, ਪਰ ਉਸ ਦੀ ਲਿਆਕਤ ਦੀ ਚਰਚਾ ਲਾਗੇ-ਲਾਗੇ ਦੇ ਸਾਰੇ ਪਿੰਡਾਂ ਵਿੱਚ ਹੋ ਰਹੀ ਸੀ ਕਿ ਉਹ ਕਿੰਝ ਗ਼ਰੀਬੀ ਹੰਢਾਉਂਦੀ ਹੋਈ ਅੱਵਲ ਦਰਜੇ ਦੀ ਪੜ੍ਹਾਈ ਕਰ ਗਈ। ਇਸ ਕਰਕੇ ਰਾਣੋ ਦਾ ਬਹੁਤ ਸਤਿਕਾਰ ਹੋ ਰਿਹਾ ਸੀ। ਉਸ ਨੂੰ ਵਧੀਆ-ਵਧੀਆ ਘਰਾਂ ਦੇ ਰਿਸ਼ਤੇ ਵੀ ਆ ਰਹੇ ਸਨ, ਪਰ ਉਸ ਨੇ ਇਸ ਫ਼ੈਸਲੇ ਦਾ ਅਖਤਿਆਰ ਹੁਸ਼ਿਆਰ ਸਿੰਘ ਨੂੰ ਦੇ ਦਿੱਤਾ ਸੀ ਕਿਉਂਕਿ ਉਹ ਆਪਣੇ ਇਸ ਜੀਵਨ ਨੂੰ ਉਸ ਦੇ ਗਿਰਵੀ ਮੰਨਦੀ ਸੀ ਸਹੀ ਸਮਾਂ ਤੇ ਸਹੀ ਰਿਸ਼ਤਾ ਵੇਖ ਹੁਸ਼ਿਆਰ ਸਿੰਘ ਨੇ ਰਾਣੋ ਦਾ ਰਿਸ਼ਤਾ ਉਸ ਪ੍ਰਾਈਵੇਟ ਕਾਲਜ ਦੇ ਮਾਲਕ ਦੇ ਹੋਣਹਾਰ ਪੁੱਤਰ ਹਰੀਸ਼ ਨਾਲ ਉਸ ਦੇ ਪੂਰੇ ਪਰਿਵਾਰ ਦੀ ਸਹਿਮਤੀ ਨਾਲ ਪੱਕਾ ਕਰ ਦਿੱਤਾ ਜਿਸ ਕਾਲਜ ਵਿੱਚ ਰਾਣੋ ਲੈਕਚਰਾਰ ਸੀ। ਕੁਝ ਸਮੇਂ ਬਾਅਦ ਹੀ ਹਰੀਸ਼ ਤੇ ਰਾਣੋ ਦਾ ਵਿਆਹ ਬੜੇ ਸਾਦੇ ਢੰਗ ਨਾਲ ਹੋ ਗਿਆ। ਹੁਣ ਰਾਣੋ ਉਸ ਕਾਲਜ ਦੀ ਮਾਲਕ ਬਣ ਗਈ ਸੀ ਜਿੱਥੇ ਉਹ ਕਦੇ ਨੌਕਰੀ ਕਰਿਆ ਕਰਦੀ ਸੀ। ਉਹ ਪਹਿਲਾਂ ਤੋਂ ਵੀ ਵੱਧ ਮਿਹਨਤ ਨਾਲ ਕਾਲਜ ਦੀ ਬਿਹਤਰੀ ਲਈ ਕੰਮ ਕਰਨ ਲੱਗੀ। ਨਤੀਜੇ ਵਜੋਂ ਉਸ ਕਾਲਜ ਵਿੱਚ ਸਿਖਿਆਰਥੀਆਂ ਦੀ ਗਿਣਤੀ ਪਹਿਲਾਂ ਨਾਲੋਂ ਦੁੱਗਣੀ ਹੋ ਗਈ।

ਹੁਣ ਰਾਣੋ ਨੂੰ ਆਉਣ-ਜਾਣ ਲਈ ਗੱਡੀ ਅਤੇ ਇੱਕ ਡਰਾਈਵਰ ਮਿਲ ਗਿਆ ਸੀ। ਉਸ ਨੇ ਆਪਣੇ ਸੰਕਲਪ ਮੁਤਾਬਿਕ ਆਪਣੇ ਜੱਦੀ ਘਰ ਜਿੱਥੇ ਆਪਣੇ ਮਾਪਿਆਂ ਨਾਲ ਬਚਪਨ ਦੇ ਅਤਿ ਗ਼ਰੀਬੀ ਭਰੇ ਦਿਨ ਗੁਜ਼ਾਰੇ ਸਨ, ਵਿੱਚ ਉਸ ਨੇ ਮੁਫ਼ਤ ਟਿਊਸ਼ਨ ਸੈਂਟਰ ਖੋਲ੍ਹ ਦਿੱਤਾ ਸੀ। ਇਸ ਦਾ ਨਾਮ 'ਵਿੱਦਿਆ ਮੁਫ਼ਤ ਟਿਊਸ਼ਨ ਸੈਂਟਰ' ਆਪਣੀ ਮਾਂ ਦੇ ਨਾਮ 'ਤੇ ਰੱਖਿਆ ਸੀ ਜਿਸ ਨੂੰ ਉਹ ਬਹੁਤ ਪਿਆਰ ਕਰਦੀ ਸੀ। ਉਹ ਚਾਹੁੰਦੀ ਸੀ ਕਿ ਪੜ੍ਹਾਈ ਨੂੰ ਗ਼ਰੀਬਾਂ ਦੀ ਪਹੁੰਚ ਤੋਂ ਬਹੁਤ ਦੂਰ ਸਮਝਣ ਵਾਲੀ ਉਸ ਦੀ ਮਾਂ ਦੇ ਨਾਮ 'ਤੇ ਬਣੇ ਇਸ ਟਿਊਸ਼ਨ ਸੈਂਟਰ ਤੋਂ ਉਹ ਬੱਚੇ ਪੜ੍ਹਾਈ ਕਰ ਸਕਣ ਜੋ ਗ਼ਰੀਬੀ ਕਾਰਨ ਪੜ੍ਹਾਈ ਬਾਰੇ ਸੋਚ ਵੀ ਨਹੀਂ ਸਕਦੇ। ਇਸ ਟਿਊਸ਼ਨ ਸੈਂਟਰ ਵਿੱਚ ਉਹ ਕਾਲਜ 'ਚੋਂ ਛੁੱਟੀ ਹੋਣ ਤੋਂ ਬਾਅਦ ਜਾਂਦੀ ਸੀ। ਇਸ ਟਿਊਸ਼ਨ ਸੈਂਟਰ ਵਿੱਚ ਹਰ ਬੱਚਾ ਮੁਫ਼ਤ ਪੜ੍ਹਾਈ ਕਰ ਸਕਦਾ ਸੀ ਉਸ ਨੇ ਇੱਕ ਹੋਰ ਵਿਲੱਖਣ ਕੰਮ ਕੀਤਾ ਸੀ ਜਿਸ ਵਿੱਚ ਵੱਡੀਆਂ ਕਲਾਸਾਂ ਨੂੰ ਉਹ ਖ਼ੁਦ ਪੜ੍ਹਾਉਂਦੀ ਸੀ ਅਤੇ ਛੋਟੀਆਂ ਕਲਾਸਾਂ ਨੂੰ ਵੱਡੀਆਂ ਕਲਾਸਾਂ ਦੇ ਬੱਚੇ ਪੜ੍ਹਾਉਂਦੇ ਸਨ, ਇਉਂ ਇਸ ਟਿਊਸ਼ਨ ਸੈਂਟਰ ਦਾ ਲੋਕ ਭਰਪੂਰ ਲਾਭ ਉਠਾ ਰਹੇ ਸਨ।

ਉਧਰ ਹੁਸ਼ਿਆਰ ਸਿੰਘ ਦੇ ਆਪਣੇ ਕੋਈ ਬੱਚਾ ਨਹੀਂ ਸੀ। ਉਹ ਆਪਣੇ ਹੱਥੀਂ ਲਾਏ ਇਸ ਵਿੱਦਿਆ ਦੇ ਬੂਟੇ ਨੂੰ ਵਧਦਾ-ਫੁੱਲਦਾ ਵੇਖ ਕੇ ਬਹੁਤ ਖ਼ੁਸ਼ ਹੋ ਰਿਹਾ ਸੀ। ਇੱਕ ਦਿਨ ਹੁਸ਼ਿਆਰ ਸਿੰਘ ਨੇ ਫੋਨ ਕਰਕੇ ਰਾਣੋ ਨੂੰ ਘਰ ਬੁਲਾਇਆ ਅਤੇ ਉਸ ਨੂੰ ਆਪਣੇ ਕੋਲ ਬਿਠਾ ਕਹਿਣ ਲੱਗਾ, "ਧੀਏ, ਕਈ ਵਾਰ ਬੱਚੇ ਸਾਡੇ ਖ਼ੂਨ ਤੋਂ ਪੈਦਾ ਨਾ ਹੋ ਕੇ ਵੀ ਆਪਣੇ ਬੱਚੇ ਬਣ ਜਾਂਦੇ ਨੇ। ਮੈਨੂੰ ਪਰਮਾਤਮਾ ਨੇ ਔਲਾਦ ਨਹੀਂ ਦਿੱਤੀ। ਕਦੇ ਮੈਨੂੰ ਇਸ ਦਾ ਪਰਮਾਤਮਾ ਨਾਲ ਬਹੁਤ ਰੰਜ ਸੀ, ਪਰ ਜਦੋਂ ਤੋਂ ਮੈਂ ਤੈਨੂੰ ਦਿਲ ਹੀ ਦਿਲ ਵਿੱਚ ਆਪਣੀ ਧੀ ਸਵੀਕਾਰਿਆ ਹੈ ਓਦੋਂ ਤੋਂ ਮੈਂ ਉਸ ਵਾਹਿਗੁਰੂ ਦਾ ਸ਼ੁਕਰਗੁਜ਼ਾਰ ਹਾਂ ਜਿਸ ਨੇ ਤੇਰੇ ਵਰਗੀ ਨੇਕ ਧੀ ਦਾ ਅਮੋਲਕ ਗਹਿਣਾ ਮੇਰੀ ਝੋਲੀ ਪਾਇਆ ਏ। ਧੀਏ, ਮੈਂ ਤੇਰੀਆਂ ਪ੍ਰਾਪਤੀਆਂ ਤੋਂ ਬਹੁਤ ਖ਼ੁਸ਼ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਇਹ ਵਿੱਦਿਆ ਦਾ ਮੰਦਿਰ ਵਿੱਦਿਆ ਦਾ ਦਾਨ ਸਦਾ-ਸਦਾ ਹੀ ਵੰਡਦਾ ਰਹੇ।" ਇਸ ਤਰ੍ਹਾਂ ਦੀਆਂ ਭਾਵੁਕ ਗੱਲਾਂ ਕਰਦੇ-ਕਰਦੇ ਹੀ ਹੁਸ਼ਿਆਰ ਸਿੰਘ ਨੂੰ ਇਕਦਮ ਦਿਲ ਦਾ ਦੌਰਾ ਪਿਆ ਜਿਸ ਕਾਰਨ ਉਸ ਦੀ ਰਾਣੋ ਦੇ ਹੱਥਾਂ ਵਿੱਚ ਹੀ ਮੌਤ ਹੋ ਗਈ। ਭੋਗ ਉਪਰੰਤ ਹੁਸ਼ਿਆਰ ਸਿੰਘ ਦੀ ਪਤਨੀ ਨੇ ਉਸ ਦੀ ਕਰਵਾਈ ਵਸੀਅਤ ਰਾਣੋ ਦੇ ਹੱਥ ਫੜਾਈ ਤਾਂ ਉਸ ਦੀਆਂ ਅੱਖਾਂ ਵਿੱਚੋਂ ਹੰਝੂ ਪਰਲ-ਪਰਲ ਵਹਿ ਰਹੇ ਸਨ। ਹੁਸ਼ਿਆਰ ਸਿੰਘ ਨੇ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਦੀ ਵਾਰਿਸ ਰਾਣੋ ਨੂੰ ਬਣਾਇਆ ਹੋਇਆ ਸੀ। ਉਹ ਸੋਚਣ ਲੱਗੀ, 'ਹੇ ਪਰਮਾਤਮਾ, ਤੇਰੇ ਰੰਗ ਨਿਆਰੇ ਹਨ। ਕਦੇ ਪੜ੍ਹਾਈ ਨੂੰ ਤਰਸਦੀ ਇੱਕ ਕੁੜੀ ਅੱਜ ਵਿਦਿਆ ਦਾ ਦਾਨ ਵੰਡ ਰਹੀ ਹੈ। ਇੱਕ ਬਾਪ ਦੁਨੀਆ ਤੋਂ ਤੁਰ ਜਾਣ ਤੋਂ ਬਾਅਦ ਦੋ ਬਾਪ ਦੇ ਦਿੱਤੇ ਜੋ ਮੇਰੇ ਜੀਵਨ ਵਿੱਚ ਚਾਨਣ ਹੀ ਚਾਨਣ ਭਰ ਗਏ'।

ਅੱਜ ਰਾਣੋ ਦੇ ਆਪਣੇ ਦੋਵੇਂ ਬੱਚੇ ਪੜ੍ਹ ਲਿਖ ਗਏ। ਪੁੱਤਰ ਐਲ.ਐਲ.ਬੀ. ਕਰਕੇ ਵਕਾਲਤ ਕਰ ਰਿਹਾ ਹੈ ਅਤੇ ਧੀ ਪੜ੍ਹ-ਲਿਖ ਕੇ ਉਸ ਦੇ ਆਪਣੇ ਕਾਲਜ ਵਿੱਚ ਬਤੌਰ ਚੇਅਰਮੈਨ ਸੇਵਾ ਨਿਭਾਅ ਰਹੀ ਹੈ। ਰਾਣੋ ਅਤੇ ਹਰੀਸ਼ ਦੋਵੇਂ ਕਦੇ ਸ਼ਹਿਰ, ਕਦੇ ਪਿੰਡ ਅਤੇ ਕਦੇ ਹੁਸ਼ਿਆਰ ਸਿੰਘ ਦੇ ਘਰ ਚਲੇ ਜਾਂਦੇ। ਹੁਸ਼ਿਆਰ ਸਿੰਘ ਦੀ ਪਤਨੀ ਨੂੰ ਵੀ ਜਿਵੇਂ ਉਨ੍ਹਾਂ ਨੂੰ ਮਿਲ ਕੇ ਜਿਊਣ ਦੀ ਹੋਰ ਆਸ ਮਿਲ ਜਾਂਦੀ।

ਉਹ ਦੋਵੇਂ ਹੁਣ ਸੇਵਾਮੁਕਤੀ ਜੀਵਨ ਵਾਂਗ ਵਿਚਰ ਰਹੇ ਹਨ, ਪਰ ਰਾਣੋ ਅੱਜ ਵੀ ਪਿੰਡ ਵਾਲੇ ਮੁਫ਼ਤ ਟਿਊਸ਼ਨ ਸੈਂਟਰ ਦੀ ਦੇਖ-ਰੇਖਆਪ ਕਰਦਿਆਂ ਮਾਂ-ਬਾਪ ਨੂੰ ਆਪਣੇ ਅੰਗ-ਸੰਗ ਮਹਿਸੂਸ ਕਰਦੀ ਹੈ।

**ਵਿਸ਼ਵ ਪੰਜਾਬੀ ਸਾਂਝ**
**ਕੈਨੇਡਾ ਫੀਚਰ**

## ਕਵਿਤਾ

ਪੂਰਨਿਆਂ ਬਿਨ ਸੁੰਦਰ ਲਿਖਤ ਕਿਆਸੀ ਨਹੀਂ
ਜਾਂਦੀ ਖਿਆਲਾਂ ਵਿੱਚ ਬਿਨ ਮੁੜ੍ਹਕੇ ਕਲਾ
ਤਰਾਸ਼ੀ ਨਹੀਂ ਜਾਂਦੀ
ਪਾਣੀ ਜੀਵਨ ਦਾਤਾ, ਰੁੱਖ ਆਸਰਾ-ਘਰਹੁੰਦੇ,
ਐਵੇਂ ਕੱਲ੍ਹੀ ਖੂਹ ਵੱਲ ਚਿੜੀ ਪਿਆਸੀ ਨਹੀਂ ਜਾਂਦੀ
ਜ਼ਹਿਰੀ ਸਾਹਵਾਂ ਬਣੀਆਂ ਦਿੱਲੀ ਅਤੇ ਲਾਹੌਰ ਦੀਆਂ
ਚੰਡੀਗੜ੍ਹ ਹੋਊ ਕਦੇ ਸਮੋਗ ਕਿਆਸੀ ਨਹੀਂ ਜਾਂਦੀ
ਲਾਗੇ ਰੋਜ਼ੀ ਹੁੰਦੀ ਤਾਂ ਘਰ ਖੋਲ੍ਹੇ ਨਾ ਬਣਦੇ,
ਵੱਡੀ ਉਮਰੇ ਹੁੱਥਕੀਂ ਮਾਂ ਪਰਵਾਸੀ ਨਹੀਂ ਜਾਂਦੀ
ਵੈਰ ਛੱਡਕੇ ਭਾਗੋਆਂ ਹੱਥ ਮਿਲਾ ਲਏ ਲੱਗਦੇ ਨੇ
ਨਹੀਂ ਤਾਂ ਬਾਂਦਰ ਦੇ ਘਰ ਬਿੱਲੀ ਮਾਸੀ ਨਹੀਂ ਜਾਂਦੀ
ਗ਼ਲਤ ਨੂੰ ਨਾਂਹ ਕਹਿਣਾ ਤੇ ਅੜ੍ਹਨਾ ਔਰਤ ਨੂੰ ਪੈਣਾ
ਦਾਸੀ ਬਣਿਆਂ ਹੱਕ 'ਚ, ਬੰਦ-ਖਲਾਸੀਨਹੀਂ ਜਾਂਦੀ
ਖ਼ੂਨ ਵੱਟੇ ਜਿਸ ਕੌਮ ਤਾਰਿਆ ਮੁੱਲ ਆਜ਼ਾਦੀ ਦਾ,
ਨਸਲਕੁਸ਼ੀ ਦੀ ਜਿਹਨੋਂ ਯਾਦ ਚੁਰਾਸੀ ਨਹੀਂ ਜਾਂਦੀ
ਫੁਕਰੀ, ਝੂਠ ਦੀ ਸ਼ੋਹਰਤ ਆਖ਼ਰ ਬੇਪਰਦਾ ਹੋ ਜਾਏ
ਮਿਹਨਤ ਬਿਨਾਂ ਤਰੱਕੀ ਤਾਂ ਜਗਿਆਸੀ ਨਹੀਂ ਜਾਂਦੀ
ਪਾਣੀ ਬਦਲੇ ਝੋਨਾ ਸੀ ਉਗਵਾਇਆ ਜੀਹਨਾਂ ਨੇ,
ਧੋਖਾ ਦੇ ਗਏ 'ਰੱਤੜਾ' ਮਨੋਂ ਉਦਾਸੀ ਨਹੀਂ ਜਾਂਦੀ।

**ਕੇਵਲ ਸਿੰਘ ਰੱਤੜਾ**

## ਕਵਿਤਾ

### ਉਹ ਤੇ ਮੈਂ

ਜਦ ਵੀ ਤਪਸ਼ ਵੇਖਦਾ ਹਾਂ, ਸਾਰਾ ਹੀ ਪਿਘਲ
ਜਾਂਦਾ ਹਾਂ,
ਘੁਲ਼ ਕੇ ਪਾਰੇ ਵਿੱਚ ਸਾਰਾ, ਪੂਰਾ ਹੀ ਡੋਲ਼ ਜਾਂਦਾ ਹਾਂ।

ਕੁਫ਼ਰ ਉਹ ਤੋਲਦਾ ਦਿਨ ਰਾਤ, ਬਣ ਮੈਂ ਢਾਲ਼ ਜਾਂਦਾ ਹਾਂ,
ਉਸ ਦੀ ਬੋਲ-ਬਾਣੀਵਿੱਚ, ਮੈਂ ਆਪਾ ਢਾਲ਼ ਜਾਂਦਾ ਹਾਂ।

ਅੱਖਾਂ ਦਾ ਚੁੱਕਿਆ ਪਰਦਾ ਤੇ ਕੰਨਾਂ 'ਚੋਂ ਮੈਲ਼ ਕੱਢ ਸੁੱਟੀ,
ਤਿਲਕਣ ਬਾਜ਼ੀ ਵਿੱਚ ਐਵੇਂ, ਮੈਂ ਆਪਾ ਗਾਲ਼ ਜਾਂਦਾ ਹਾਂ।

ਪੰਧ ਇਹ ਬੜਾ ਲੰਮੇਰਾ ਹੈ, ਤੀਹਾਂ ਤੇ ਅਠਾਰਾਂ ਦਿਨ ਦਾ ਹੈ,
ਗਿਣਤੀਆਂ ਮਿਣਤੀਆਂ ਵਿੱਚ, ਪੂਰਾ, ਮੈਂ ਖੰਘਾਲ਼ ਜਾਂਦਾ ਹਾਂ।

ਬਣਦਾ ਗੌਦੜੀ ਦਾ ਲਾਲ, ਹਿਟਲਰ ਨੂੰ ਮਾਤ ਪਾਉਂਦਾ ਹੈ,
ਸਭ ਕੁਝ ਸਹਿਣ ਕਰਕੇ, ਸ਼ਬਦੋਂ ਵਿਹੂਣੀ ਗਾਲ਼ ਖਾਂਦਾ ਹਾਂ।

**ਗੁਰਦੀਪ ਢੁੱਡੀ**

## ਕਵਿਤਾ ਪਰਛਾਵੇਂ

ਤੂੰ ਸਾਡਾ ਏਂ ਸੱਜਣ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ
ਮਨ ਨਹੀਂ ਮੰਨਦਾ ਫੇਰ ਵੀ ਤੇਰੇ ਸੰਗ ਰਹਿਣਾ ਪੈ ਰਿਹਾ
ਪਲ ਪਲ ਮਰਦੇ ਟੁੱਟਦੇ ਢਹਿੰਦੇ ਹਾਂ ਤੇਰੇ ਦਿੱਤੇ ਜ਼ਖ਼ਮਾਂ ਤੋਂ
ਫੱਟ ਲੱਗੇ ਨੇ ਡੂੰਘੇ ਬੜਾ ਰੂਹ ਨੂੰ ਦਰਦ ਸਹਿਣਾ ਪੈ ਰਿਹਾ
ਤੂੰ ਸਾਡਾ ਹੋ ਕੇ ਵੀ ਯਾਰਾ ਕਦੇ ਸਾਡਾ ਨਹੀਂ ਬਣਿਆ
ਸਿੱਲੀ ਅੱਖ ਤੇ ਰੋਂਦੇ ਦਿਲ ਨੂੰ ਆਖ਼ਰ ਕਹਿਣਾ ਪੈ ਰਿਹਾ
ਅਸੀਂ ਰੂਹ ਤੋਂ ਚਾਹੁੰਦੇ ਸੀ ਤੂੰ ਪਿਆਰ ਹੀ ਜਿਸਮਾਂ ਨੂੰ ਕਰਦਾ ਸੀ
ਏਸੇ ਕਰਕੇ ਹੀ ਸੱਜਣਾ ਚੰਦਰੇ ਵਕਤ ਦੇ ਹੱਥੋਂ ਢਹਿਣਾ ਪੈ ਰਿਹਾ
ਬੇਗਾਨਿਆਂ ਤੋਂ ਵੱਧ ਖ਼ਤਰਾ ਅੱਜਕੱਲ੍ਹ ਆਪਣਿਆਂ ਤੋਂ ਲੱਗਦਾ ਏ
ਏਸੇ ਕਰਕੇ ਜਿੰਦੜੀ ਨੂੰ ਦੁੱਖਾਂ ਦੇ ਪਰਛਾਵੇਂ ਸੰਗ ਬਹਿਣਾ ਪੈ ਰਿਹਾ
ਹੱਥੀਂ ਦੇ ਕੇ ਪਾਣੀ ਜਦ ਮਾਲੀ ਹੀ ਕੁਚਲ ਜਾਵੇ ਫੁੱਲਾਂ ਨੂੰ
ਤਾਂ ਹੀ ਬਗੀਚੀ ਨੂੰ ਕੰਡਿਆਲੀ ਤਾਰ ਦਾ ਸਹਾਰਾ ਲੈਣਾ ਪੈ ਰਿਹਾ
ਕੀ ਦੋਸ਼ ਕਿਸੇ ਨੂੰ ਏਥੇ ਆਪਣੇ ਛੁਰੀਆਂ ਪਿੱਠ ਪਿੱਛੇ ਚਲਾਉਂਦੇ ਨੇ
ਤਾਹੀਓਂ ਪੈਰ ਪੈਰ 'ਤੇ ਲੱਧੇ ਵਾਲੇ ਸੰਧੂਆ ਧੋਖਾ ਸਹਿਣਾ ਪੈ ਰਿਹਾ।

**ਬਲਤੇਜ ਸੰਧੂ ਬੁਰਜ ਲੱਧਾ**

# ਕੈਨੇਡਾ 'ਚ ਭਾਰਤੀ ਲੋਕ 2025 'ਚ ਕਿਵੇਂ ਹਾਸਿਲ ਕਰ ਸਕਦੇ PR? ਸਰਕਾਰ ਨੇ ਖ਼ੁਦ ਦੱਸੇ 4 'ਤਰੀਕੇ

ਕੈਨੇਡਾ ਵਿੱਚ ਕੰਮ ਕਰਨ ਵਾਲੇ ਲੱਖਾਂ ਭਾਰਤੀ ਸਥਾਈ ਨਿਵਾਸ (PR) ਪ੍ਰਾਪਤ ਕਰਨਾ ਚਾਹੁੰਦੇ ਹਨ। 2025 ਲਈ, ਸਰਕਾਰ ਚਾਰ ਨਵੇਂ ਰਸਤੇ ਪੇਸ਼ ਕਰ ਰਹੀ ਹੈ ਜਿਨ੍ਹਾਂ ਰਾਹੀਂ ਪੀਆਰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਮੀਗ੍ਰੇਸ਼ਨ ਲੈਵਲ ਪਲਾਨ ਦੇ ਤਹਿਤ ਪੀਆਰ ਟੀਚੇ ਨੂੰ 4,85,000 ਤੋਂ ਘਟਾ ਕੇ 4,65,000 ਕਰਨ ਦੀ ਯੋਜਨਾ ਦੇ ਵਿਚਕਾਰ ਇਨ੍ਹਾਂ ਤਰੀਕਿਆਂ ਬਾਰੇ ਗੱਲ ਕੀਤੀ ਜਾ ਰਹੀ ਹੈ। ਹਰ ਰਸਤੇ ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਇਸ ਨਾਲ ਜਿਨ੍ਹਾਂ ਵਰਕਰਾਂ ਦੀ ਕਮੀ ਦੇਸ਼ ਨੂੰ ਹੋ ਰਹੀ ਹੈ, ਉਸ ਨੂੰ ਪੂਰਾ ਕੀਤਾ ਜਾ ਸਕੇ।

**ਕੈਨੇਡੀਅਨ ਪੀ.ਆਰ ਦੇ ਲਈ ਚਾਰ ਤਰੀਕੇ ਕੀ ਹਨ ?**

ਕੈਨੇਡਾ ਨੇ ਹਾਲ ਹੀ ਵਿੱਚ ਵੀਜ਼ਾ ਤੋਂ ਲੈ ਕੇ ਪੀਆਰ ਤੱਕ ਦੇ ਨਿਯਮਾਂ ਨੂੰ ਸਖ਼ਤ ਕੀਤਾ ਹੈ, ਪਰ ਇਸਨੂੰ ਕੁਝ ਉਦਯੋਗਾਂ ਲਈ ਕਾਮਿਆਂ ਦੀ ਲੋੜ ਹੈ। ਅਜਿਹੀ ਸਥਿਤੀ ਵਿੱਚ, ਸਰਕਾਰ 'ਤੇ ਵਿਦੇਸ਼ੀ ਕਾਮਿਆਂ ਨੂੰ ਸਥਾਈ ਨਿਵਾਸ ਪ੍ਰਦਾਨ ਕਰਨ ਦਾ ਦਬਾਅ ਹੈ। ਕੈਨੇਡਾ ਵਿੱਚ ਪੀਆਰ ਦੇ ਚਾਰ ਰਸਤੇ 'ਐਨਹਾਂਸਡ ਕੇਅਰਗਿਵਰ ਪਾਇਲਟ ਪ੍ਰੋਗਰਾਮ', 'ਰੂਰਲ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ', 'ਫਰੇਂਕੋਫੋਨ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ', ਅਤੇ 'ਮੈਨੀਟੋਬਾ ਵੈਸਟ ਸੈਂਟਰਲ ਇਮੀਗ੍ਰੇਸ਼ਨ ਇਨੀਸ਼ੀਏਟਿਵ ਪਾਇਲਟ' ਹਨ। ਆਓ ਇਨ੍ਹਾਂ ਬਾਰੇ ਵਿਸਥਾਰ ਵਿੱਚ ਜਾਣੀਏ।

**ਫਰੇਂਕੋਫੋਨ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ**

ਫਰੇਂਕੋਫੋਨ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ ਦਾ ਉਦੇਸ਼ ਕਿਊਬੈਕ ਤੋਂ ਬਾਹਰ ਉਨ੍ਹਾਂ ਲੋਕਾਂ ਨੂੰ ਵਸਾਉਣਾ ਹੈ ਜੋ ਅੰਗਰੇਜ਼ੀ ਅਤੇ ਫਰੈਂਚ ਦੋਵੇਂ ਜਾਣਦੇ ਹਨ। ਕੈਨੇਡਾ ਵਿੱਚ ਅੰਗਰੇਜ਼ੀ ਅਤੇ ਫਰੈਂਚ ਦੋਵੇਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਹ ਪ੍ਰੋਗਰਾਮ ਫਰੈਂਚ ਬੋਲਣ ਵਾਲੇ ਖੇਤਰਾਂ ਵਿੱਚ ਉਨ੍ਹਾਂ ਲੋਕਾਂ ਨੂੰ ਮੁੜ ਵਸਾਉਣ ਲਈ ਪੇਸ਼ ਕੀਤਾ ਗਿਆ ਹੈ ਜੋ ਉੱਥੋਂ ਦੀ ਆਰਥਿਕਤਾ ਵਿੱਚ ਯੋਗਦਾਨ ਪਾ ਸਕਦੇ ਹਨ। ਜਿਹੜੇ ਲੋਕ ਕੁਝ ਹੁਨਰ ਦੇ ਨਾਲ ਫਰੈਂਚ ਬੋਲਦੇ ਹਨ, ਉਨ੍ਹਾਂ ਨੂੰ ਇਸ ਤਰੀਕੇ ਰਾਹੀਂ ਪੀਆਰ ਮਿਲੇਗਾ।



**'ਐਨਹਾਂਸਡ ਕੇਅਰਗਿਵਰ ਪਾਇਲਟ ਪ੍ਰੋਗਰਾਮ'**

*ਜੂਨ 2024 ਵਿੱਚ ਸ਼ੁਰੂ ਕੀਤੇ ਗਏ 'ਹੋਮ ਚਾਈਲਡਕੇਅਰ ਪ੍ਰੋਵਾਈਡਰ ਪਾਇਲਟ' ਅਤੇ 'ਹੋਮ ਸਪੋਰਟ ਵਰਕਰ ਪਾਇਲਟ' ਦੀ ਥਾਂ ਹੁਣ ਇਨਹਾਂਸਡ ਕੇਅਰਗਿਵਰ ਪਾਇਲਟ ਪ੍ਰੋਗਰਾਮ ਲੈਣ ਵਾਲਾ ਹੈ। ਇਸ ਨਵੇਂ ਪੀਆਰ ਰੂਟ ਰਾਹੀਂ, ਦੇਖਭਾਲ ਕਰਨ ਵਾਲੇ ਕਰਮਚਾਰੀਆਂ ਨੂੰ ਦੇਸ਼ ਵਿੱਚ ਦਾਖਲ ਹੋਣ ਦੀ ਆਗਿਆ ਹੋਵੇਗੀ। ਦੇਖਭਾਲ ਕਰਨ ਵਾਲੇ ਕਰਮਚਾਰੀ ਆਮ ਤੌਰ 'ਤੇ ਹਸਪਤਾਲਾਂ ਅਤੇ ਕੇਅਰ ਹੋਮ ਵਿੱਚ ਬਜ਼ੁਰਗਾਂ ਅਤੇ ਬਿਮਾਰ ਲੋਕਾਂ ਦੀ ਸੇਵਾ ਕਰਦੇ ਹਨ।*

**'ਰੂਰਲ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ'**

IRCC 2025 ਵਿੱਚ ਪੇਂਡੂ ਭਾਈਚਾਰਕ ਇਮੀਗ੍ਰੇਸ਼ਨ ਪਾਇਲਟ ਲਾਂਚ ਕਰਨ ਲਈ ਤਿਆਰ ਹੈ। ਇਸ ਪ੍ਰੋਗਰਾਮ ਰਾਹੀਂ ਛੋਟੇ ਅਤੇ ਪਛੜੇ ਖੇਤਰਾਂ ਵਿੱਚ ਕਾਮਿਆਂ ਦੀ ਘਾਟ ਨੂੰ ਪੂਰਾ ਕੀਤਾ ਜਾਵੇਗਾ। ਜੇਕਰ ਕਿਸੇ ਕੋਲ ਸਥਾਨਕ ਕਿਰਤ ਬਾਜ਼ਾਰ ਵਿੱਚ ਮੰਗ ਅਨੁਸਾਰ ਹੁਨਰ ਹੈ ਜਾਂ ਉਹ ਕੈਨੇਡਾ ਦੇ ਪੇਂਡੂ ਅਤੇ ਪਛੜੇ ਖੇਤਰਾਂ ਵਿੱਚ ਲੰਬੇ ਸਮੇਂ ਲਈ ਰਹਿਣ ਲਈ ਤਿਆਰ ਹੈ, ਤਾਂ ਸਰਕਾਰ ਉਸਨੂੰ ਸਥਾਈ ਨਿਵਾਸ ਦੇਣ ਜਾ ਰਹੀ ਹੈ।

**'ਮੈਨੀਟੋਬਾ ਵੈਸਟ ਸੈਂਟਰਲ ਇਮੀਗ੍ਰੇਸ਼ਨ ਇਨੀਸ਼ੀਏਟਿਵ ਪਾਇਲਟ'**

15 ਨਵੰਬਰ, 2024 ਨੂੰ ਸ਼ੁਰੂ ਹੋਣ ਵਾਲਾ, ਮੈਨੀਟੋਬਾ ਵੈਸਟ ਸੈਂਟਰਲ ਇਮੀਗ੍ਰੇਸ਼ਨ ਇਨੀਸ਼ੀਏਟਿਵ ਪਾਇਲਟ ਦਾ ਉਦੇਸ਼ ਮੈਨੀਟੋਬਾ ਖੇਤਰ ਵਿੱਚ ਕਾਮਿਆਂ ਦੀ ਮੰਗ ਨੂੰ ਪੂਰਾ ਕਰਨਾ ਹੈ। ਇੱਕ ਤਾਜ਼ਾ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਮੈਨੀਟੋਬਾ ਨੂੰ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਹਰ ਸਾਲ 200 ਤੋਂ 300 ਹੁਨਰਮੰਦ ਪੇਸ਼ੇਵਰਾਂ ਦੀ ਲੋੜ ਹੁੰਦੀ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਉਨ੍ਹਾਂ ਲੋਕਾਂ ਨੂੰ ਆਕਰਸ਼ਿਤ ਕਰਨਾ ਹੈ ਜੋ ਸੂਬੇ ਵਿੱਚ ਰਹਿਣਾ ਚਾਹੁੰਦੇ ਹਨ।

# ਮਹਿਲਾ, ਨੌਜਵਾਨ, ਗਰੀਬ, ਕਿਸਾਨ, ਬਜਟ 2025 ਦੇ ਬਣ ਸਕਦੇ ਹਨ 'ਰੋਟੀ, ਕੱਪੜਾ ਅਤੇ ਮਕਾਨ'

ਨਵੀਂ ਦਿੱਲੀ, 28 ਜਨਵਰੀ (ਜਸਵਿੰਦਰ ਸਿੰਘ ਬਿੱਟਾ)-ਆਮ ਲੋਕਾਂ ਦੀ ਤਾਕਤ ਨੂੰ ਘੱਟ ਨਹੀਂ ਸਮਝਣਾ ਚਾਹੀਦਾ। ਪਿਛਲੇ ਸਾਲ ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਸਭ ਨੂੰ ਇਹ ਦਿਖਾ ਦਿੱਤਾ। ਹੁਣ ਉਸੇ ਆਮ ਆਦਮੀ ਲਈ, ਦੇਸ਼ ਦੀ ਗੱਠਜੋੜ ਸਰਕਾਰ ਆਪਣੇ ਦੂਜੇ ਬਜਟ ਵਿੱਚ ਵੱਡੇ ਐਲਾਨ ਕਰਨ ਦੀ ਤਿਆਰੀ ਕਰ ਰਹੀ ਹੈ। ਮਾਹਿਰਾਂ ਅਨੁਸਾਰ, ਦੇਸ਼ ਦੇ ਆਮ ਆਦਮੀ ਨੂੰ ਸਸ਼ਕਤ ਬਣਾਉਣ ਲਈ, ਬਜਟ 2025 ਵਿੱਚ ਅਜਿਹੇ ਐਲਾਨ ਹੋ ਸਕਦੇ ਹਨ, ਜੋ ਅਜੇ ਤੱਕ ਨਹੀਂ ਕੀਤੇ ਗਏ ਹਨ ਜਾਂ ਜੇ ਕੀਤੇ ਵੀ ਗਏ ਹਨ, ਤਾਂ ਪਹਿਲਾਂ ਦੇ ਬਜਟਾਂ ਵਿੱਚ ਵੰਡ ਘੱਟ ਹੋਈ ਸੀ।

ਹੁਣ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਸਰਕਾਰ ਦੀਆਂ ਨਜ਼ਰਾਂ ਵਿੱਚ ਆਮ ਆਦਮੀ ਕੌਣ ਹੈ ? ਤਾਂ ਇਸਦਾ ਸਰਲ ਜਵਾਬ ਹੈ, ਔਰਤਾਂ, ਨੌਜਵਾਨ, ਕਿਸਾਨ ਅਤੇ ਗਰੀਬ। ਉਹ ਦੇਸ਼ ਜੋ ਚੋਣਾਂ ਦੌਰਾਨ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਦੋਵਾਂ ਦੀ ਜ਼ੁਬਾਨ 'ਤੇ ਹੁੰਦੇ ਹਨ। ਲੋਕ ਸਭਾ ਚੋਣਾਂ ਹੋਣ ਜਾਂ ਪਿਛਲੇ 6 ਮਹੀਨਿਆਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ, ਆਗੂਆਂ ਦੇ ਭਾਸ਼ਣ ਇਨ੍ਹਾਂ ਚਾਰਾਂ ਤੋਂ ਬਿਨਾਂ ਪੂਰੇ ਨਹੀਂ ਹੁੰਦੇ ਹਨ। ਜੇਕਰ ਅਸੀਂ ਮੋਦੀ ਸਰਕਾਰ ਦੀ ਗੱਲ ਕਰੀਏ ਤਾਂ ਇਹ ਚਾਰੇ ਹੀ ਇੱਕ ਮਹੱਤਵਪੂਰਨ ਹਿੱਸਾ ਰਹੇ ਹਨ। ਜਦੋਂ ਜੁਲਾਈ ਵਿੱਚ ਮੋਦੀ 3.0 ਦਾ ਪਹਿਲਾ ਬਜਟ ਪੇਸ਼ ਕੀਤਾ ਗਿਆ ਸੀ, ਤਾਂ ਕੁੱਲ ਬਜਟ ਹਿੱਸੇ ਦਾ ਲਗਭਗ 33.6 ਪ੍ਰਤੀਸ਼ਤ ਇਨ੍ਹਾਂ ਚਾਰਾਂ ਨੂੰ ਅਲਾਟ ਕੀਤਾ ਗਿਆ ਸੀ। ਮਤਲਬ ਸਪੱਸ਼ਟ ਹੈ ਕਿ ਇਹ ਚਾਰੇ ਮੌਜੂਦਾ ਸਮੇਂ ਵਿੱਚ ਦੇਸ਼ ਦੀ ਸੱਤਾਧਾਰੀ ਪਾਰਟੀ ਲਈ ਭੋਜਨ, ਕੱਪੜਾ ਅਤੇ ਮਕਾਨ ਤੋਂ ਘੱਟ ਨਹੀਂ ਹਨ।

ਗੋਦਰੇਜ ਐਂਟਰਪ੍ਰਾਈਜ਼ਿਜ਼ ਦੇ ਕਾਰਜਕਾਰੀ ਨਿਰਦੇਸ਼ਕ ਅਤੇ ਸੀਈਓ ਅਨਿਲ ਜੀ. ਵਰਮਾ ਨੇ ਕਿਹਾ ਕਿ ਜਿਵੇਂ-ਜਿਵੇਂ ਅਸੀਂ ਕੇਂਦਰੀ ਬਜਟ 2025-26 ਦੇ ਨੇੜੇ ਆ ਰਹੇ ਹਾਂ, ਮੈਂ ਆਸ਼ਾਵਾਦੀ ਹਾਂ ਕਿ ਸਰਕਾਰ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ, ਵਿੱਤੀ ਸੂਝ-ਬੂਝ ਬਣਾਈ ਰੱਖਣ ਅਤੇ ਹੁਨਰ ਅਤੇ ਭਲਾਈ ਯੋਜਨਾਵਾਂ ਨਾਲ ਔਰਤਾਂ, ਨੌਜਵਾਨਾਂ, ਕਿਸਾਨਾਂ ਅਤੇ ਗਰੀਬਾਂ 'ਤੇ ਧਿਆਨ ਕੇਂਦਰਿਤ ਕਰਨਾ ਜਾਰੀ ਰੱਖੇਗੀ। ਆਓ ਤੁਹਾਨੂੰ ਇਹ ਵੀ ਦੱਸਦੇ ਹਾਂ ਕਿ ਬਜਟ 2025 ਵਿੱਚ ਇਨ੍ਹਾਂ ਚਾਰਾਂ 'ਤੇ ਕਿਸ ਤਰ੍ਹਾਂ ਦਾ ਫੋਕਸ ਦੇਖਣ ਨੂੰ ਮਿਲ ਸਕਦਾ ਹੈ।



**ਔਰਤਾਂ 'ਤੇ ਕਿਵੇਂ ਰਹੇਗਾ ਫੋਕਸ ?**

ਮਿਸ਼ਨ ਸ਼ਕਤੀ, ਮਾਤਰੂ ਵੰਦਨਾ ਯੋਜਨਾ ਅਤੇ ਜਨਨੀ ਸੁਰੱਖਿਆ ਯੋਜਨਾ ਵਰਗੀਆਂ ਮਹਿਲਾ-ਕੇਂਦ੍ਰਿਤ ਯੋਜਨਾਵਾਂ ਲਈ ਫੰਡ ਵਧਾਉਣ ਦਾ ਐਲਾਨ ਹੋ ਸਕਦਾ ਹੈ। ਈਟੀ ਨਾਲ ਗੱਲ ਕਰਦੇ ਹੋਏ, ਕੈਪਰੀ ਲੋਨ ਦੇ ਮੈਨੇਜਿੰਗ ਡਾਇਰੈਕਟਰ ਰਾਜੇਸ਼ ਸ਼ਰਮਾ ਨੇ ਕਿਹਾ ਕਿ ਸੁਰੱਖਿਆ, ਸਿੱਖਿਆ ਅਤੇ ਮਾਵਾਂ ਦੇ ਸਿਹਤ ਲਾਭਾਂ ਰਾਹੀਂ ਔਰਤਾਂ ਨੂੰ ਸਸ਼ਕਤ ਬਣਾਉਣ ਦੇ ਟੀਚੇ ਵਾਲੇ ਇਨ੍ਹਾਂ ਪ੍ਰੋਗਰਾਮਾਂ ਨੂੰ ਇਸ ਸਾਲ ਵਧੇਰੇ ਬਜਟ ਮਿਲ ਸਕਦਾ ਹੈ।

ਪਿਛਲੇ ਬਜਟ ਵਿੱਚ ਇਨ੍ਹਾਂ ਯੋਜਨਾਵਾਂ ਲਈ 3 ਲੱਖ ਕਰੋੜ ਰੁਪਏ ਦੀ ਵੱਡੀ ਰਕਮ ਰੱਖੀ ਗਈ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਜਨ ਧਨ ਯੋਜਨਾ - ਬੱਚਤ ਖਾਤੇ ਚਲਾਉਣ ਵਾਲੀਆਂ ਔਰਤਾਂ ਨੂੰ 10,000 ਰੁਪਏ ਦੀ ਓਵਰਡਰਾਫਟ ਸਹੂਲਤ ਦੀ ਪੇਸ਼ਕਸ਼ - ਅਤੇ ਪ੍ਰਧਾਨ ਮੰਤਰੀ ਮੁਦਰਾ ਯੋਜਨਾ, ਜੋ ਕਿ ਛੋਟੇ ਅਤੇ ਦਰਮਿਆਨੇ ਉੱਦਮਾਂ ਲਈ 10 ਲੱਖ ਰੁਪਏ ਤੱਕ ਦੇ ਜਮਾਨਤ-ਮੁਕਤ ਕਰਜ਼ੇ ਦੀ ਪੇਸ਼ਕਸ਼ ਕਰਦੀ ਹੈ, ਵਰਗੇ ਪ੍ਰੋਗਰਾਮਾਂ ਨੇ ਇਸ ਵਿੱਚ ਮਦਦ ਕੀਤੀ।

**ਕਿਸਾਨਾਂ ਦੀ ਆਮਦਨ ਵਧਾਉਣਾ**

ਖੇਤੀਬਾੜੀ ਅਤੇ ਪੇਂਡੂ ਵਿਕਾਸ ਸਰਕਾਰ ਦੀਆਂ ਭਲਾਈ ਤਰਜੀਹਾਂ ਦੇ ਕੇਂਦਰ ਵਿੱਚ ਹਨ। 2024 ਦੇ ਬਜਟ ਵਿੱਚ ਐਲਾਨੀਆਂ ਗਈਆਂ ਮੌਜੂਦਾ ਯੋਜਨਾਵਾਂ ਅਤੇ ਕਈ ਹੋਰ ਕੈਬਨਿਟ ਫੈਸਲੇ ਮਹੱਤਵਪੂਰਨ ਹੋਣ ਜਾ ਰਹੇ ਹਨ ਅਤੇ ਇਹਨਾਂ ਵਿੱਚ ਟਾਪਅੱਪ ਮਿਲ ਸਕਦਾ ਹੈ। ਇਨ੍ਹਾਂ ਯੋਜਨਾਵਾਂ ਵਿੱਚ ਪੀਐਮ-ਕਿਸਾਨ ਸ਼ਾਮਲ ਹੈ, ਜੋ ਕਿਸਾਨਾਂ ਨੂੰ ਉਨ੍ਹਾਂ ਦੇ ਵਿੱਤੀ ਬੋਝ ਨੂੰ ਘਟਾਉਣ ਲਈ ਸਾਲਾਨਾ 6,000 ਰੁਪਏ ਪ੍ਰਦਾਨ ਕਰਦਾ ਹੈ; ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਜੋ ਕੁਦਰਤੀ ਆਫ਼ਤਾਂ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਅ ਲਈ ਕਿਫਾਇਤੀ ਫਸਲ ਬੀਮਾ ਯਕੀਨੀ ਬਣਾਉਂਦੀ ਹੈ।

***ਬਜਟ ਵਿੱਚ ਨੌਜਵਾਨਾਂ ਲਈ ਕੀ ਹੋ ਸਕਦਾ ਹੈ ?***

*ਭਾਰਤ ਦੀ ਆਬਾਦੀ, ਜਿਸਦੀ ਔਸਤਨ 27 ਸਾਲ ਹੈ, ਫਾਇਦਾ ਅਤੇ ਨੁਕਸਾਨ ਦੋਵੇਂ ਹੋ ਸਕਦੀ ਹੈ। ਪਰ, ਵਿੱਤ ਮੰਤਰੀ ਦਾ ਕੰਮ ਇਸਨੂੰ ਰਣਨੀਤਕ ਤੌਰ 'ਤੇ ਅੱਗੇ ਵਧਾਉਣਾ ਹੈ। ਪਿਛਲੇ ਸਾਲ, ਸੀਤਾਰਮਨ ਨੇ 2 ਲੱਖ ਕਰੋੜ ਰੁਪਏ ਦੇ ਕੇਂਦਰੀ ਬਜਟ ਨਾਲ ਪੰਜ ਸਾਲਾਂ ਦੀ ਮਿਆਦ ਵਿੱਚ 4.1 ਕਰੋੜ ਨੌਜਵਾਨਾਂ ਲਈ ਰੁਜ਼ਗਾਰ, ਹੁਨਰ ਅਤੇ ਹੋਰ ਮੌਕੇ ਪ੍ਰਦਾਨ ਕਰਨ ਲਈ ਪੰਜ ਯੋਜਨਾਵਾਂ ਦਾ ਐਲਾਨ ਕੀਤਾ ਸੀ।*

*ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਅਤੇ ਮੁਦਰਾ ਯੋਜਨਾ ਵਰਗੇ ਪ੍ਰੋਗਰਾਮ, ਜੋ ਕਿ ਹੁਨਰ ਅਤੇ ਉੱਦਮਤਾ 'ਤੇ ਕੇਂਦ੍ਰਿਤ ਹਨ, ਵਿੱਚ ਇਸ ਫਰਵਰੀ ਵਿੱਚ ਨੌਕਰੀਆਂ ਦੀ ਸਿਰਜਣਾ ਨੂੰ ਹੁਲਾਰਾ ਦੇਣ ਲਈ ਵਿਸਤ੍ਰਿਤ ਵੰਡ ਹੋਣ ਦੀ ਸੰਭਾਵਨਾ ਹੈ।*



# BRAMPTON CASH AND CARRY

**WHOLESALER** | **IMPORTER**
**DISTRIBUTOR** | **RETAILER**

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**


HURRY!
SPECIAL OFFER
BRAMPTON CASH & CARRY
Importer | Wholesaler | Retailer
WHITE ONION–
50 POUND
22 $
Easterday PRODUCE
ONIONS
BUY NOW
T&C APPLY
100 Kennedy Rd S,
Brampton, ON L6W 3E7, Canada
905-230-4800


HURRY!
SPECIAL OFFER
BRAMPTON CASH & CARRY
Importer | Wholesaler | Retailer
BRAR BESAN
SUPER FINE
9.99 $
SHER
BESAN
8 lb
3.62 kg
BRAR SWEET
CORN FLOUR
4.99 $
BRAR
SWEET CORN FLOUR
4 lb
1.81 kg
SHER WHITE WHOLE
WHEAT ATTA
15.99 $
SHER
FIBER WALA
BUY NOW
T&C APPLY
100 Kennedy Rd S,
Brampton, ON L6W 3E7, Canada
905-230-4800


GRAND
OPENING
3643 PORTAGE RD, NIAGARA FALLS
CONTACT: +1 (416)700-9100
COMING
SOON
BRAMPTON CASH
AND CARRY
BRAMPTON
CASH & CARRY
IMPORTER | WHOLESALER | RETAILER
OPEN EVERYDAY FROM
9:00 AM TO 9:00 PM


Weight
10 Pond
Price
$5.99
BRAMPTON
CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800